BRAMPTON
Flower City
brampton.ca

media release

ਤੁਰੰਤ ਰਿਲੀਜ ਲਈ

# ਪਹੁੰਚਯੋਗਤਾ ਅਤੇ ਸ਼ਮੂਲੀਅਤ ਦੀ ਅਗਵਾਈ ਕਰਨ ਵਾਲਿਆਂ ਨੂੰ 2019 ਦੇ ਸਾਲਾਨਾ ਐਕਸੈਸੀਬਿਲਿਟੀ ਅਵਾਰਡਸ ਵਿੱਚ ਸਨਮਾਨਤ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ (11 ਦਸੰਬਰ, 2019): ਸਪੋਰਟਸ ਕੋਚ, ਇਵੈਂਟ ਪਲਾਨਰ (ਕਾਰਜਕ੍ਰਮ ਦੀ ਯੋਜਨਾ ਬਣਾਉਣ ਵਾਲਾ) ਅਤੇ ਅਪਾਹਜਪੁਣੇ ਵਾਲੇ ਵਿਅਕਤੀਆਂ ਵੱਲੋਂ ਅਤੇ ਅਜਿਹੇ ਲੋਕਾਂ ਲਈ ਚਲਾਇਆ ਜਾਣ ਵਾਲਾ ਸੰਗਠਨ, ਸਿਟੀ ਆਫ ਬ੍ਰੈਂਪਟਨ ਦੇ ਦੂਜੇ ਸਾਲਾਨਾ ਐਕਸੈਸੀਬਿਲਿਟੀ ਅਵਾਰਡਸ (Accessibility Awards) ਵਿੱਚ ਹਾਲੀਆ ਅਵਾਰਡ ਜੇਤੂ ਹਨ।

ਅਵਾਰਡ ਲਈ ਨਾਮਾਂਕਿਤ ਵਿਅਕਤੀਆਂ ਦਾ ਮੁਲਾਂਕਣ, ਬ੍ਰੈਂਪਟਨ ਦੇ ਭਾਈਚਾਰੇ ਵਿੱਚ ਇਹਨਾਂ ਖੇਤਰਾਂ ਵਿੱਚ ਉਹਨਾਂ ਦੇ ਯੋਗਦਾਨ ਦੇ ਆਧਾਰ ਤੇ ਕੀਤਾ ਗਿਆ ਸੀ, ਜਿਵੇਂ ਐਕਸੈਸੀਬਿਲਿਟੀ ਸਬੰਧੀ ਪਹਿਲਕਦਮੀਆਂ ਦਾ ਸਮਰਥਨ ਕਰਨਾ, ਐਕਸੈਸੀਬਿਲਿਟੀ ਸਬੰਧੀ ਸੁਚੇਤਤਾ ਨੂੰ ਵਧਾਉਣਾ, ਪਹੁੰਚਯੋਗ ਗਾਹਕ ਸੇਵਾ ਮੁਹੱਈਆ ਕਰਨਾ, ਅਪਾਹਜਪੁਣੇ ਵਾਲੇ ਵਿਅਕਤੀਆਂ ਨੂੰ ਭਾਈਚਾਰੇ ਨਾਲ ਘੁਲਣ-ਮਿਲਣ ਵਿੱਚ ਸਮਰੱਥ ਹੋਣ ਵਿੱਚ ਉਹਨਾਂ ਦੀ ਮਦਦ ਕਰਨਾ ਅਤੇ ਸਮਾਨ ਰੋਜ਼ਗਾਰ ਮੌਕੇ ਮੁਹੱਈਆ ਕਰਨਾ।

ਅਵਾਰਡ ਪ੍ਰਾਪਤ ਕਰਨ ਵਾਲੇ ਇਸਦਾ ਸ਼ਾਨਦਾਰ ਉਦਾਹਰਨ ਹਨ ਕਿ ਬ੍ਰੈਂਪਟਨ ਵਾਸੀ ਕਿਸ ਤਰ੍ਹਾਂ ਅਪਾਹਜਪੁਣਿਆਂ ਵਾਲੇ ਲੋਕਾਂ ਨੂੰ ਸਮਰੱਥ ਬਣਾ ਰਹੇ ਹਨ। ਉਹਨਾਂ ਨੂੰ 10 ਦਸੰਬਰ ਨੂੰ ਹੋਏ ਰਿਸੈਪਸ਼ਨ ਵਿੱਚ ਸਨਮਾਨਿਤ ਕੀਤਾ ਗਿਆ ਸੀ:

**ਕਮਿਉਨਿਟੀ ਮੈਂਬਰ ਅਵਾਰਡ**: ਕੇਨ ਹਾਲ (Ken Hall), ਕੋਚ – ਕ੍ਰੂਜਰਸ ਸਪੋਰਟਸ ਫਾਰ ਦ ਫਿਜਿਕਲੀ ਡਿਸੇਬਲਡ (Cruisers Sports for the Physically Disabled)
ਕੇਨ ਕ੍ਰੂਜਰਸ ਸਪੋਰਟਸ ਫਾਰ ਦ ਫਿਜਿਕਲੀ ਡਿਸੇਬਲਡ ਲਈ ਵਾਲੰਟੀਅਰ ਪੈਰਾ ਆਈਸ ਹਾਕੀ ਅਤੇ ਟ੍ਰੈਕ ਅਤੇ ਫੀਲਡ ਕੋਚ ਹਨ। ਉਹ ਅਪਾਹਜਪੁਣਿਆਂ ਵਾਲੇ ਵਿਅਕਤੀਆਂ ਦੇ ਜ਼ੋਰਦਾਰ ਸਮਰਥਕ ਹਨ। ਉਹਨਾਂ ਨੇ ਸਾਰੇ ਲੋਕਾਂ ਲਈ ਪਹੁੰਚਯੋਗ ਸਪੋਰਟ ਦਾ ਪ੍ਰਚਾਰ ਕਰਨ ਵਾਸਤੇ ਅਣਗਿਣਤ ਸਾਲ ਸਮਰਪਿਤ ਕੀਤੇ ਹਨ। ਕ੍ਰੂਜਰਸ ਲਈ ਅਤੇ ਬ੍ਰੈਂਪਟਨ ਵਿੱਚ ਪਹੁੰਚਯੋਗ ਸਪੋਰਟ ਲਈ ਉਹਨਾਂ ਦਾ ਜੋਸ਼ ਅਤੇ ਸਮਰਪਣ ਬੇਜੋੜ ਹੈ।

**ਬਿਜਨੇਸ ਅਵਾਰਡ**: ਐਂਡ੍ਰੀਆ ਜ਼ੈਕਰੀ (Andrea Zackary) ਡੀ.ਈ.ਐਫ. ਇਵੈਂਟਸ ਐਂਡ ਬੀਓਂਡ (DEF Events and Beyond) ਦੀ ਸੰਸਥਾਪਕ
ਐਂਡ੍ਰੀਆ ਇੱਕ ਇਵੈਂਟ ਪਲਾਨਰ ਹੈ, ਜੋ ਸਧਾਰਨ ਤੌਰ ਤੇ ਸੁਣਨ ਵਾਲਿਆਂ ਅਤੇ ਸੁਣਨ ਸਬੰਧੀ ਵਿਕਾਰ ਵਾਲੇ ਜਾਂ ਸੁਣਨ ਵਿੱਚ ਪਰੇਸ਼ਾਨੀ ਹੋਣ ਵਾਲੇ ਭਾਈਚਾਰਿਆਂ ਨੂੰ ਅਜਿਹੇ ਸਮਾਜਿਕ ਵਾਤਾਵਰਣ ਵਿੱਚ ਇਕੱਠੇ ਲਿਆ ਕੇ ਉਹਨਾਂ ਦੇ ਵਿਚਕਾਰ ਦੇ ਅੰਤਰ ਨੂੰ ਦੂਰ ਕਰਨ ਤੇ ਧਿਆਨ ਕੇਂਦਰਿਤ ਕਰਦੀ ਹੈ, ਜਿੱਥੇ ਉਹ ਇੱਕ-ਦੂਜੇ ਨਾਲ ਗੱਲ ਕਰਨਾ ਸਿੱਖਦੇ ਹਨ। ਉਹਨਾਂ ਦਾ ਟੀਚਾ ਹੈ, "ਬੋਲੇ ਕਰ ਸਕਦੇ ਹਨ" ਅਤੇ ਪਰਿਵਰਤਨ ਲਿਆਉਣ ਵਾਲੇ ਏਜੰਟ ਦੇ ਤੌਰ ਤੇ, ਉਹ ਲਗਾਤਾਰ ਦੂਜਿਆਂ ਦੀ ਰੁਕਾਵਟਾਂ ਨੂੰ ਦੂਰ ਕਰਦੀ ਹੈ, ਉਹਨਾਂ ਨੂੰ ਸਿੱਖਿਅਤ, ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ।

**ਕਮਿਉਨਿਟੀ ਗਰੁੱਪ ਅਵਾਰਡ**: ਕੈਨੇਡਿਅਨ ਸਾਊਥ ਏਸ਼ੀਅਨਸ ਸਪੋਰਟਿੰਗ ਇਨਡਿਵਿਯੂਅਲ ਲਿਵਿੰਗ (Canadian South Asians Supporting Individual Living)
ਕੈਨੇਡਿਅਨ ਸਾਊਥ ਏਸ਼ੀਅਨਸ ਸਪੋਰਟਿੰਗ ਇਨਡਿਵਿਯੂਅਲ ਲਿਵਿੰਗ ਦਾ ਉਦੇਸ਼, ਅਪਾਹਜਪੁਣੇ ਵਾਲੇ ਦੱਖਣੀ ਏਸ਼ੀਆਈ ਲੋਕਾਂ ਨੂੰ ਸਹਿਯੋਗ ਕਰਨਾ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਦੇ ਟੀਚੇ ਹਾਸਲ ਕਰ ਸਕਣ ਅਤੇ ਬਿਨਾਂ ਕਿਸੇ ਸਹਾਰੇ ਦੇ ਇੱਜ਼ਤ ਨਾਲ ਜ਼ਿੰਦਗੀ ਜੀ ਸਕਣ। ਇਹ ਸੰਗਠਨ ਐਕਸੈਸੀਬਿਲਿਟੀ ਸੁਚੇਤਤਾ, ਅਪਾਹਜਪੁਣੇ ਵਾਲੇ ਵਿਅਕਤੀਆਂ ਦੇ ਹੱਕਾਂ ਦਾ ਪ੍ਰਚਾਰ ਕਰਦਾ ਹੈ ਅਤੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਹਿਯੋਗ ਨੈੱਟਵਰਕ ਤਿਆਰ ਕਰਦਾ ਹੈ।

**ਹਵਾਲੇ:**

“ਅਵਾਰਡ ਪ੍ਰਾਪਤ ਕਰਨ ਵਾਲਿਆਂ ਨੇ ਸੁਤੰਤਰ ਜੀਵਨ ਨੂੰ ਸਹਿਯੋਗ ਕਰਨ ਦੀ ਆਪਣੀ ਵਚਨਬੱਧਤਾ ਦੇ ਪ੍ਰਤੀ ਅਸਲੀ ਕੰਮ ਕੀਤਾ ਹੈ। ਇਹ ਦਰਸਾਉਂਦੇ ਹੋਏ ਕਿ ਉਹ ਭਾਈਚਾਰੇ ਦੇ ਕਿਰਿਆਸ਼ੀਲ, ਜੁੜੇ ਹੋਏ ਅਤੇ ਬਹੁਮੁੱਲੇ ਮੈਂਬਰ ਹਨ, ਉਹਨਾਂ ਨੇ ਅਪਾਹਜਪੁਣਿਆਂ ਵਾਲੇ ਲੋਕਾਂ ਨੂੰ ਆਤਮਵਿਸ਼ਵਾਸ਼ ਅਤੇ ਇੱਜ਼ਤ ਨਾਲ ਜਿਓਣ ਲਈ ਸਮਰੱਥ ਕੀਤਾ ਹੈ। ਇੱਥੇ ਸਿਟੀ ਵਿੱਚ, ਅਸੀਂ ਉਹਨਾਂ ਨੂੰ ਹੋਰ ਪਹੁੰਚਯੋਗ ਬਣਾਉਣ ਅਤੇ ਸਾਡੀ ਸਿਟੀ ਦੇ ਮੋਜ਼ੈਕ ਨੂੰ ਸਹਿਯੋਗ ਕਰਨ ਲਈ ਸਾਡੀਆਂ ਸੇਵਾਵਾਂ ਅਤੇ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਤੇ ਧਿਆਨ ਕੇਂਦਰਿਤ ਕਰ ਰਹੇ ਹਾਂ।”

- *ਮੇਅਰ ਪੈਟਰਿਕ ਬ੍ਰਾਊਨ (Patrick Brown)*

“ਐਕਸੈਸੀਬਿਲਿਟੀ ਐਡਵਾਈਜਰੀ ਕਮਿਟੀ ਦੇ ਕਾਉਂਸਿਲ ਪ੍ਰਤੀਨਿਧੀ ਦੇ ਤੌਰ ਤੇ, ਮੈਂ ਅਕਸਰ ਕਈ ਪ੍ਰਕਾਰ ਦੀਆਂ ਐਕਸੈਸੀਬਿਲਿਟੀ ਸਬੰਧੀ ਚੁਣੌਤੀਆਂ ਬਾਰੇ ਸੁਣਨ ਲਈ ਤਿਆਰ ਰਹਿੰਦਾ ਹਾਂ। ਭਾਈਚਾਰੇ ਦੇ ਨਾਲ ਮਿਲ ਕੇ ਕੰਮ ਕਰਦੇ ਹੋਏ, ਅਸੀਂ ਉਹਨਾਂ ਲੋਕਾਂ ਬਾਰੇ ਹੋਰ ਸੁਚੇਤਤਾ ਵਧਾਉਣਾ ਜਾਰੀ ਰੱਖਾਂਗੇ, ਜੋ ਆਪਣੀਆਂ ਰੋਜ਼ਾਨਾ ਜ਼ਿੰਦਗੀਆਂ ਵਿੱਚ ਅਤੇ ਆਪਣੇ ਕਾਰਜ ਸਥਾਨ ਵਿਖੇ ਐਕਸੈਸੀਬਿਲਿਟੀ ਅਤੇ ਸ਼ਮੂਲੀਅਤ ਦੀ ਅਗਵਾਈ ਕਰਦੇ ਹਨ, ਅਤੇ ਬ੍ਰੈਂਪਟਨ ਨੂੰ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕਾਂ ਲਈ ਵੱਧ ਪਹੁੰਚਯੋਗ ਬਣਾਉਣ ਦਾ ਯਤਨ ਕਰਦੇ ਹਨ।”

- *ਰੀਜਨਲ ਕਾਉਂਸਲਰ ਪੈਟ ਫੋਰਟਿਨੀ (Pat Fortini), ਐਕਸੈਸੀਬਿਲਿਟੀ ਐਡਵਾਈਜਰੀ ਕਮਿਟੀ ਕਾਉਂਸਿਲ ਮੈਂਬਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca